In the name of Allah the Most Gracious the Ever Merciful

بسم اللہ الرحمن الرحیم

Press Desk
Ahmadiyya Muslim Jamaat
INTERNATIONAL
(INDIA)

شعبہ پریس اینڈ میڈیا بھارت
**Office Press & Media**
Ahmadiyya Muslim Jama'at India,
Qadian-143516, Distt.Gurdaspur, Punjab, India.
Mobile: +91-99887 57988
Email: pressamjindia@gmail.com
Tel: +91-1872-500282
ahmadiyya_press ahmadiyyapressindia

( A Registered Religious and Charitable Society in India under the Societies Registration Act XXI 1860 )

زیرحوالہ/Ref **374**
تاریخ/Date **26-12-2025**

## ਕਾਦੀਆਂਨ ਦਾਰੁਲ ਅਮਾਨ ਵਿੱਚ ਮੁਸਲਿਮ ਜਮਾਤ ਅਹਿਮਦੀਆ ਭਾਰਤ ਦਾ 130 ਵਾਂ ਜਲਸਾ ਸਲਾਨਾ ਸ਼ੁਰੂ।

## ਖੁਦਾ ਤਰਸੀ ਪਰਹੇਜ਼ਗਾਰੀ ਨਰਮ ਦਿਲੀ ਆਪਸੀ ਮੁਹੱਬਤ ਅਤੇ ਆਪਸੀ ਭਾਈਚਾਰਕ ਸਾਂਝ ਦੀ ਸਥਾਪਨਾ ਇਸ ਜਲਸੇ ਦੇ ਅਜ਼ੀਮ ਮਕਾਸਦ ਹਨ |

## ਸਾਰੇ ਧਰਮਾਂ ਵਿੱਚ ਅਮਨ ਅਤੇ ਸੁਲਹਾ ਦੀ ਬੁਨਿਆਦ ਪਾਉਣ ਵਾਲਾ ਇੱਕ ਰੂਹਾਨੀ ਸੰਮੇਲਨ|

ਕਾਦੀਆਂ 26 ਦਸੰਬਰ
ਮੁਸਲਿਮ ਜਮਾਤ ਅਹਿਮਦੀਆ ਭਾਰਤ ਦੇ ਮੁੱਖ ਕੇਂਦਰ ਕਾਦੀਆਨ ਦਾਰੁਲ ਅਮਾਨ ਵਿੱਚ 26 ਤੋਂ 28 ਦਸੰਬਰ ਤੱਕ 130 ਵਾਂ ਜਲਸਾ ਸਲਾਨਾ ਆਪਣੀ ਰਵਾਇਤੀ ਸ਼ਾਨੋ ਸ਼ੌਕਤ ਦੇ ਨਾਲ ਆਰੰਭ ਹੋ ਗਿਆ ਪਵਿੱਤਰ ਕੁਰਆਨ ਸ਼ਰੀਫ ਦੀ ਤਿਲਾਵਤ ਨਾਲ ਜਲਸਾ ਆਰਭ ਹੋ ਗਿਆ । ਅੱਜ ਤੋਂ 134 ਸਾਲ ਪਹਿਲਾਂ 1891 ਵਿੱਚ ਮੁਸਲਿਮ ਜਮਾਤ ਅਹਿਮਦੀਆ ਭਾਰਤ ਦੇ ਬਾਨੀ ਹਜ਼ਰਤ ਮਿਰਜ਼ਾ ਗੁਲਾਮ ਅਹਿਮਦ ਸਾਹਿਬ ਕਾਦੀਆਨੀ ਮਸੀਹ ਮਾਊਦ ਵ ਮਹਦੀ ਮਊਦ ਅਲੈਹ ਸਲਾਮ ਨੇ ਅੱਲਾਹ ਤਾਅਲਾ ਦੇ ਹੁਕਮ ਨਾਲ ਸਾਰੇ ਧਰਮਾ ਵਿਚ ਅਮਨ ਸ਼ਾਤੀ ਅਤੇ ਸੁਲਹਾ ਦੀ ਬੁਨਿਆਦ ਪਾਉਣ ਵਾਲੇ ਅਤੇ ਇਸ ਨੂੰ ਵਧਾਉਣ ਵਾਲੇ ਰੂਹਾਨੀ ਸੰਮੇਲਨ ਦੀ ਸਥਾਪਨਾ ਕੀਤੀ ਸੀ ।

ਮੁਸਲਿਮ ਜਮਾਤ ਅਹਿਮਦੀਆ ਦੇ ਬਾਨੀ ਹਜ਼ਰਤ ਮਿਰਜ਼ਾ ਗੁਲਾਮ ਅਹਿਮਦ ਸਾਹਿਬ ਕਾਦੀਆਨੀ ਨੇ ਫਰਮਾਇਆ ਸੀ ਕਿ ਇਸ ਰੂਹਾਨੀ ਜਲਸੇ ਦਾ ਮਕਸਦ ਦੁਨੀਆ ਨੂੰ ਆਪਣੇ ਖਾਲਕੇ ਹਕੀਕੀ ਦੇ ਵਲ ਬੁਲਾਉਣਾ ਮਖਲੂਕੇ ਖੁਦਾ ਦੇ ਦਰਮਿਆਨ ਆਪਸੀ ਹਮਦਰਦੀ ਪੈਦਾ ਕਰਨਾ ਅਤੇ ਭਾਈਚਾਰਕ ਸਾਂਝ ਨੂੰ ਵਧਾਉਣਾ ਹੈ| ਇਹ ਜਲਸਾ ਕੋਈ ਮਾਮੂਲੀ ਜਲਸਾ ਨਹੀਂ ਬਲਕਿ ਇਹ ਆਪਣੇ ਆਪ ਵਿੱਚ ਅਤੇ ਇਤਿਹਾਸ ਦੇ ਇਤਬਾਰ ਨਾਲ ਇੱਕ ਵੱਖਰੀ ਅਤੇ ਮੁਮਤਾਜ਼ ਹੈਸੀਅਤ ਦਾ ਹਾਮਿਲ ਜਲਸਾ ਹੈ| ਇਹ ਜਲਸਾ ਇਕ ਰੂਹਾਨੀ ਸਮੇਲਨ ਹੈ ਜਿਸ ਵਿੱਚ ਸ਼ਮੂਲੀਅਤ ਦੇ ਲਈ ਹੱਕ ਨੂੰ ਪਛਾਨਣ ਵਾਲੇ ਬਿਆਨ ਕਰਦਿਆਂ ਕਹਿੰਦੇ ਹਨ ਕਿ ਇਸ ਜਲਸੇ ਦਾ ਓਦੇਸ਼ ਅਤੇ ਅਸਲ ਮਤਲਬ ਇਹ ਸੀ ਕਿ ਸਾਡੀ ਜਮਾਤ ਦੇ ਲੋਕ ਬਾਰ ਬਾਰ ਦੀ ਮੁਲਾਕਾਤਾਂ ਨਾਲ ਇਹੋ ਜਿਹੀ ਤਬਦੀਲੀ ਆਪਣੇ ਅੰਦਰ ਹਾਸਿਲ ਕਰ ਲੈਣ ਕਿ ਉਨਾਂ ਦੇ ਦਿਲ ਆਖਰਤ ਦੀ ਤਰਫ ਬਿਲਕੁਲ ਝੁਕ ਜਾਣ ਅਤੇ ਉਨ੍ਹਾਂ ਦੇ ਅੰਦਰ ਖੁਦਾ ਤਾਅਲਾ ਦਾ ਖੌਫ ਪੈਦਾ ਹੋਵੇ ।ਅਤੇ ਉਹ ਤਕਵਾ ,ਖੁਦਾ ਤਰਸੀ ਅਤੇ ਪਰਹੇਜ਼ਗਾਰੀ ਨਰਮ ਦਿਲੀ ਆਪਸੀ ਭਾਈਚਾਰਾ ਅਤੇ ਮੁਆਖਾਤ ਵਿੱਚ ਦੂਸਰਿਆਂ ਦੇ ਨਾਲ ਇੱਕ ਨਮੂਨਾ ਬਣ ਜਾਣ ਅਤੇ ਇਨਕੇਸਾਰ ਅਤੇ ਸੇਵਾ ਅਤੇ ਸੱਚਾਈ ਉਹਨਾਂ ਵਿੱਚ ਪੈਦਾ ਹੋਵੇ| ਇਸ ਸਾਲ ਇਸ ਜਲਸੇ ਵਿੱਚ ਭਾਰਤ ਦੇ ਵੱਖ-ਵੱਖ ਸੂਬਿਆਂ ਅਤੇ ਵਿਦੇਸ਼ਾਂ ਤੋਂ ਵੀ ਮਹਿਮਾਨ ਸ਼ਮੂਲੀਅਤ ਕਰ ਰਹੇ ਹਨ| ਇਸ

ਤਿੰਨ ਰੋਜ਼ਾ ਜਲਸਾ ਸਲਾਨਾ ਵਿੱਚ ਇਹੋ ਜਿਹੀਆਂ ਤਕਰੀਰਾਂ ਹੋਣਗੀਆਂ ਜੋ ਇਨਸਾਨ ਨੂੰ ਇਖਲਾਕੀ ਇਤਬਾਰ ਤੋਂ ਅਤੇ ਰੂਹਾਨੀ ਇਤਬਾਰ ਤੋਂ ਵੀ ਤਰੱਕੀ  ਦੀ ਰਾਹਾਂ ਤੇ ਚਲਾਉਣ ਵਾਲੀਆਂ ਹੋਣਗੀਆਂ । ਇਸ ਜਲਸੇ ਵਿੱਚ ਸ਼ਮੂਲੀਅਤ ਕਰਨ ਵਾਲਾ ਹਰ ਸ਼ਖਸ ਆਪਣੇ ਅੰਦਰ ਇੱਕ ਇਮਾਨੀ ਤਾਕਤ ਅਤੇ ਤਾਜ਼ਗੀ ਮਹਿਸੂਸ ਕਰਦਾ ਹੈ ਅਤੇ ਆਪਣੇ ਇਮਾਨ ਅਤੇ ਇਖਲਾਕ ਨੂੰ ਤਾਜ਼ਾ ਕਰਕੇ ਵਾਪਸ ਲੌਟਦਾ ਹੈ| ਇਸ ਜਲਸੇ ਦੇ ਨਾਲ ਅਹਿਮਦੀਆ ਮੁਸਲਿਮ ਜਮਾਤ ਦਾ ਇਹੀ ਪੈਗਾਮ ਹੈ ਕਿ ਇਨਸਾਨ ਆਪਣੇ ਖਾਲਿਕ ਵੱਲ ਧਿਆਨ ਦੇਵੇ ਅਤੇ ਮੁਹੱਬਤ ਸਭ ਦੇ ਲਈ ਨਫਰਤ ਕਿਸੇ ਤੋਂ ਨਹੀਂ ਦੇ ਅਸੂਲ ਨੂੰ ਅਪਣਾਉਂਦੇ ਹੋਏ ਹਰ ਇਨਸਾਨ ਦੂਸਰੇ ਇਨਸਾਨ ਦੇ ਦੀਨੀ ਜਜ਼ਬਾਤ ਅਤੇ ਅਹਿਸਾਸਾਤ ਦਾ ਇਹਤਰਾਮ ਕਰੇ  ਅਤੇ ਮਖਲੂਕੇ ਖੁਦਾ ਦੀ ਭਲਾਈ ਅਤੇ ਹਮਦਰਦੀ ਲਈ ਇਕੱਠਿਆ ਹੋ ਕੇ ਕੋਸ਼ਿਸ਼ ਕਰੇ । ਅੱਜ ਦੇ ਇਸ ਜਲਸੇ ਨੂੰ ਮੌਲਾਨਾ ਮੁਹੰਮਦ ਹਮੀਦ ਕੋਸਰ ਅਤੇ ਮੌਲਾਨਾ ਅਤਾਉਲ ਮੁਜੀਬ ਲੋਨ  ਨੇ ਸੰਬੋਧਨ ਕੀਤਾ।

**ਅੱਜ ਦੇ ਦਿਨ ਜਲਸਾ ਸਾਲਾਨਾ ਵਿੱਚ ਹੋਈਆਂ ਤਕਰੀਰਾਂ ਦਾ ਸਾਰ ਇਸ ਤਰ੍ਹਾਂ ਹੈ:**
**ਤਕਰੀਰ ਨੰਬਰ 1: ਉਦਘਾਟਨੀ ਖ਼ਿਤਾਬ**
**ਮੁਹਤਰਮ:** ਰਫ਼ੀਕ ਅਹਮਦ ਮਲਾਬਾਰੀ ਸਾਹਿਬ
**ਅਹੁਦਾ:** ਸਦਰ ਮਜਲਿਸ ਤਹਰੀਕ-ਏ-ਜਦੀਦ, ਅੰਜੁਮਨ ਅਹਮਦੀਆ ਕਾਦਿਆਨ
**ਉਦਘਾਟਨੀ ਖ਼ਿਤਾਬ ਦਾ ਸਾਰ:**
ਇਸ ਖ਼ਿਤਾਬ ਵਿੱਚ ਮੋਸੂਫ਼ ਨੇ ਜਲਸਾ ਸਾਲਾਨਾ ਦੀ ਰੂਹਾਨੀ ਅਹਿਮੀਅਤ ਅਤੇ ਇਸ ਦੀ ਆਲਮੀ ਵਿਸ਼ਾਲਤਾ ਨੂੰ ਉਜਾਗਰ ਕਰਦਿਆਂ ਦੱਸਿਆ ਕਿ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਵੱਲੋਂ ਕਾਇਮ ਕੀਤਾ ਗਿਆ ਇਹ ਬਾਬਰਕਤ ਇਜਤਿਮਾ ਅੱਲ੍ਹਾਹ ਤਆਲਾ ਦੇ ਖ਼ਾਸ ਫ਼ਜ਼ਲ ਨਾਲ ਬੁਨਿਆਦ ਰੱਖਿਆ ਗਿਆ ਸੀ, ਜੋ ਕਿ ਥੋੜ੍ਹੀ ਗਿਣਤੀ ਨਾਲ ਸ਼ੁਰੂ ਹੋ ਕੇ ਅੱਜ ਦੁਨੀਆ ਭਰ ਵਿੱਚ ਹਜ਼ਾਰਾਂ ਤਸ਼ਨਗਾਨ-ਏ-ਰੂਹ ਦੀ ਤਸਕੀਂਨ ਦਾ ਵਸੀਲਾ ਬਣ ਚੁੱਕਾ ਹੈ।
ਤਕਰੀਰ ਵਿੱਚ ਹਜ਼ਰਤ ਖ਼ਲੀਫ਼ਤੁਲ ਮਸੀਹ ਪੰਜਵਾਂ ਅਯਜਦਹੁੱਲਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਇਰਸ਼ਾਦਾਤ ਦੀ ਰੌਸ਼ਨੀ ਵਿੱਚ ਇਸ ਗੱਲ ’ਤੇ ਖ਼ਾਸ ਜ਼ੋਰ ਦਿੱਤਾ ਗਿਆ ਕਿ ਜਲਸਾ ਸਾਲਾਨਾ ਦਾ ਬੁਨਿਆਦੀ ਮਕਸਦ ਇਸਲਾਮ, ਆਂਹਜ਼ਰਤ ਮੁਹੰਮਦ ﷺ ਅਤੇ ਕੁਰਆਨ-ਏ-ਕਰੀਮ ਦੀਆਂ ਤਾਲੀਮਾਤ ਦਾ ਇਲਮ ਹਾਸਲ ਕਰਨਾ, ਤਕਵਾ, ਦੁਆ, ਇਬਾਦਤ, ਇਸਲਾਹ-ਏ-ਨਫ਼ਸ ਅਤੇ ਅਖ਼ਲਾਕੀ ਤੇ ਰੂਹਾਨੀ ਤਰਬੀਅਤ ਹੈ—ਨਾ ਕਿ ਕੇਵਲ ਸਮਾਜਿਕ ਮਿਲਣ-ਜੁਲਣ।
ਇਸ ਤੋਂ ਇਲਾਵਾ, ਇਹ ਇਜਤਿਮਾ ਆਪਸੀ ਮੁਹੱਬਤ ਵਧਾਉਣ, ਜਾਣ-ਪਛਾਣ ਪੈਦਾ ਕਰਨ, ਨਵੇਂ ਅਤੇ ਪੁਰਾਣੇ ਅਫ਼ਰਾਦ ਦੇ ਰੂਹਾਨੀ ਰਿਸ਼ਤਿਆਂ ਨੂੰ ਮਜ਼ਬੂਤ ਕਰਨ, ਮਰਹੂਮੀਨ ਲਈ ਸਾਂਝੀਆਂ ਦੁਆਵਾਂ ਅਤੇ ਸ਼ਾਮਲ ਹੋਣ ਵਾਲਿਆਂ ਲਈ ਖ਼ਾਸ ਦੁਆਵਾਂ ਦਾ ਮੌਕਾ ਵੀ ਫ਼ਰਾਹਮ ਕਰਦਾ ਹੈ। ਅੰਤ ਵਿੱਚ ਇਹ ਦੁਆ ਕੀਤੀ ਗਈ ਕਿ ਅੱਲ੍ਹਾਹ ਤਆਲਾ ਜਮਾਤ ਨੂੰ ਇਨ੍ਹਾਂ ਬਰਕਾਤ ਦਾ ਹਕੀਕੀ ਵਾਰਿਸ ਬਣਾਉਂਦੇ ਹੋਏ ਖ਼ਿਲਾਫ਼ਤ-ਏ-ਅਹਮਦੀਆ ਦੇ ਬਾਬਰਕਤ ਦੌਰ ਵਿੱਚ ਹਕੀਕੀ ਇਸਲਾਮ ਦੇ ਗ਼ਲਬੇ ਦਾ ਦ੍ਰਿਸ਼ਟਾਂਤ ਅਤਾ ਫ਼ਰਮਾਏ।

**ਤਕਰੀਰ ਨੰਬਰ 2**

**ਸਿਰਲੇਖ:** ਨਬੀਆਂ ਦੀ ਗ਼ਲਬੇ ਦੀ ਰੌਸ਼ਨੀ ਵਿੱਚ ਜਿੰਦੇ ਰੱਬ ਦਾ ਸਬੂਤ
**ਮੁਹਤਰਮ:** ਮੁਹੰਮਦ ਹਮੀਦ ਕੌਸਰ ਸਾਹਿਬ
**ਅਹੁਦਾ:** ਨਾਜ਼ਿਰ ਦਾਅਵਤ ਇਲੱਲਾਹ ਮਰਕਜ਼ੀਆ, ਕਾਦਿਆਨ

**ਸਾਰ:**
ਇਹ ਖ਼ਿਤਾਬ ਇਸ ਕੇਂਦਰੀ ਨੁਕਤੇ 'ਤੇ ਕੇਂਦਰਿਤ ਸੀ ਕਿ **"ਅੰਬਿਆ ਅਲੈਹਿਮੁੱਸਲਾਮ ਦਾ ਗ਼ਲਬਾ ਅੱਲ੍ਹਾਹ ਤਆਲਾ ਦੇ ਜਿੰਦਾ ਅਤੇ ਕਾਦਿਰ-ਏ-ਮੁਤਲਿਕ ਹੋਣ ਦਾ ਰੌਸ਼ਨ ਸਬੂਤ ਹੈ"**। ਇਸ ਗੱਲ ਦੀ ਤਾਈਦ ਕੁਰਆਨ-ਏ-ਕਰੀਮ ਦੀਆਂ ਆਯਤਾਂ ਅਤੇ ਤਾਰੀਖ਼-ਏ-ਅੰਬਿਆ ਦੇ ਵਾਕਿਆਂ ਨਾਲ ਕੀਤੀ ਗਈ।

ਤਕਰੀਰ ਵਿੱਚ ਹਜ਼ਰਤ ਇਬਰਾਹੀਮ ਅਲੈਹਿਸਲਾਮ, ਹਜ਼ਰਤ ਮੂਸਾ ਅਲੈਹਿਸਲਾਮ, ਹਜ਼ਰਤ ਈਸਾ ਅਲੈਹਿਸਲਾਮ ਅਤੇ ਆਂਹਜ਼ਰਤ ਮੁਹੰਮਦ ﷺ ਦੀਆਂ ਮਿਸਾਲਾਂ ਰਾਹੀਂ ਇਹ ਵਾਅਜ਼ੇ ਕੀਤਾ ਗਿਆ ਕਿ ਸ਼ਦੀਦ ਮੁਖ਼ਾਲਫ਼ਤ, ਜ਼ੁਲਮ ਅਤੇ ਸਾਜ਼ਿਸ਼ਾਂ ਦੇ ਬਾਵਜੂਦ ਅੱਲ੍ਹਾਹ ਤਆਲਾ ਹਮੇਸ਼ਾਂ ਆਪਣੇ ਚੁਣੇ ਹੋਏ ਨਬੀਆਂ ਨੂੰ ਕਾਮਯਾਬੀ ਅਤੇ ਗ਼ਲਬਾ ਅਤਾ ਕਰਦਾ ਆਇਆ ਹੈ।

ਅੱਗੇ ਇਹ ਵੀ ਬਿਆਨ ਕੀਤਾ ਗਿਆ ਕਿ ਅਸਰ-ਏ-ਹਾਜ਼ਿਰ ਵਿੱਚ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦਿਆਨੀ ਅਲੈਹਿਸਲਾਮ ਦੀ ਬਅਸਅਤ ਅਤੇ ਜਮਾਤ ਅਹਮਦੀਆ ਦੀ ਆਲਮੀ ਤਰੱਕੀ ਉਸੇ ਇਲਾਹੀ ਵਾਅਦੇ ਦਾ ਲਗਾਤਾਰ ਸਿਲਸਿਲਾ ਹੈ। 136 ਸਾਲਾਂ ਦੀ ਲਗਾਤਾਰ ਮੁਖ਼ਾਲਫ਼ਤ ਦੇ ਬਾਵਜੂਦ ਜਮਾਤ ਦਾ ਦੁਨੀਆ ਭਰ ਵਿੱਚ ਫੈਲ ਜਾਣਾ, ਮੁਖ਼ਾਲਫ਼ੀਨ ਦੀ ਨਾਕਾਮੀ ਅਤੇ ਇਲਾਹੀ ਤਾਈਦਾਤ ਇਸ ਗੱਲ ਦਾ ਖੁੱਲ੍ਹਾ ਐਲਾਨ ਹਨ ਕਿ **"ਅੱਲ੍ਹਾਹ ਨੇ ਲਿਖ ਦਿੱਤਾ ਹੈ ਕਿ ਮੈਂ ਅਤੇ ਮੇਰੇ ਰਸੂਲ ਜ਼ਰੂਰ ਗ਼ਾਲਿਬ ਆਉਣਗੇ"**।

ਅੰਤ ਵਿੱਚ ਇਹ ਦੁਆ ਕੀਤੀ ਗਈ ਕਿ ਅੱਲ੍ਹਾਹ ਤਆਲਾ ਇਨਸਾਨੀਅਤ ਨੂੰ ਹੱਕ ਪਛਾਣਨ ਅਤੇ ਆਪਣੇ ਰੱਬ ਨਾਲ ਸੱਚਾ ਤਅੱਲੁਕ ਕਾਇਮ ਕਰਨ ਦੀ ਤੌਫ਼ੀਕ ਅਤਾ ਫ਼ਰਮਾਏ।

## ਤਕਰੀਰ ਨੰਬਰ 3

**ਸਿਰਲੇਖ:** ਆਂਹਜ਼ਰਤ ਮੁਹੰਮਦ ﷺ ਦੀ ਸਿਰਤ
*(ਧਾਰਮਿਕ ਬਰਦਾਸ਼ਤ ਅਤੇ ਜ਼ਮੀਰ ਦੀ ਆਜ਼ਾਦੀ ਦੇ ਸੰਦਰਭ ਵਿੱਚ ਆਂਹਜ਼ਰਤ ﷺ ਦੀਆਂ ਤਾਲੀਮਾਤ ਅਤੇ ਉਸਵਾ)*
**ਮੁਹਤਰਮ:** ਮੁਹੰਮਦ ਇਨਆਮ ਗੌਰੀ ਸਾਹਿਬ
**ਅਹੁਦਾ:** ਨਾਜ਼ਿਰ ਆਲਾ ਅਤੇ ਅਮੀਰ ਮੁਕਾਮੀ, ਕਾਦਿਆਨ

**ਸਾਰ:**
ਇਸ ਖ਼ਿਤਾਬ ਵਿੱਚ ਕੁਰਆਨ-ਏ-ਕਰੀਮ ਅਤੇ ਆਂਹਜ਼ਰਤ ਮੁਹੰਮਦ ﷺ ਦੇ ਇਰਸ਼ਾਦਾਤ ਅਤੇ ਉਸਵਾ-ਏ-ਹਸਨਾ ਦੀ ਰੌਸ਼ਨੀ ਵਿੱਚ ਧਾਰਮਿਕ ਬਰਦਾਸ਼ਤ ਅਤੇ ਜ਼ਮੀਰ ਦੀ ਆਜ਼ਾਦੀ ਨਾਲ ਸੰਬੰਧਿਤ ਇਸਲਾਮ ਦੀਆਂ ਵਿਸਤ੍ਰਿਤ ਅਤੇ ਸਮਗ੍ਰ ਤਾਲੀਮਾਤ ਨੂੰ ਤਫ਼ਸੀਲ ਨਾਲ ਬਿਆਨ ਕੀਤਾ ਗਿਆ। ਇਨ੍ਹਾਂ ਤਾਲੀਮਾਤ ਅਨੁਸਾਰ ਇਸਲਾਮ ਕਿਸੇ ਵੀ ਕਿਸਮ ਦੇ ਧਾਰਮਿਕ ਜ਼ਬਰ, ਜ਼ੋਰ-ਜ਼ਬਰਦਸਤੀ ਜਾਂ ਨਫ਼ਰਤ ਦੀ ਇਜਾਜ਼ਤ ਨਹੀਂ ਦਿੰਦਾ, ਸਗੋਂ ਸਾਰੇ ਨਬੀਆਂ 'ਤੇ ਇਮਾਨ, ਪੜੋਸੀਆਂ ਅਤੇ ਗੈਰ-ਮੁਸਲਮਾਨਾਂ ਨਾਲ ਭਲਾਈ ਭਰਿਆ ਵਤੀਰਾ, ਮੌਅਹਿਦਿਆਂ ਦੀ ਪਾਬੰਦੀ, ਮਨੁੱਖੀ ਜਾਨ ਅਤੇ ਇਜ਼ਤ ਦਾ ਆਦਰ ਅਤੇ ਭਿੰਨਤਾਵਾਂ ਦੇ ਬਾਵਜੂਦ ਅਮਨਪੂਰਨ ਸਾਂਝੀ ਜ਼ਿੰਦਗੀ ਦੀ ਤਾਲੀਮ ਦਿੰਦਾ ਹੈ।

ਤਕਰੀਰ ਵਿੱਚ ਰਿਆਸਤ-ਏ-ਮਦੀਨਾ, ਨਜਰਾਨ ਦੇ ਇਸਾਈ ਵਫ਼ਦ, ਯਹੂਦੀਆਂ ਅਤੇ ਮੁਸ਼ਰਕੀਂ ਨਾਲ ਨਬੀ ਕਰੀਮ ﷺ ਦੇ ਰਹਿਮ, ਮਾਫ਼ੀ ਅਤੇ ਇਨਸਾਫ਼ 'ਤੇ ਆਧਾਰਿਤ ਅਮਲੀ ਨਮੂਨਿਆਂ ਨੂੰ ਉਜਾਗਰ ਕਰਦਿਆਂ ਇਹ ਸਪਸ਼ਟ ਕੀਤਾ ਗਿਆ ਕਿ ਇਸਲਾਮੀ ਜੰਗਾਂ ਰੱਖਿਆਤਮਕ ਸਨ, ਨਾ ਕਿ ਧਰਮ ਫੈਲਾਉਣ ਲਈ।

ਇਸ ਦੇ ਨਾਲ ਹੀ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦਿਆਨੀ ਅਲੈਹਿਸਲਾਮ ਦੀ ਬਅਸਅਤ ਅਤੇ **"ਪੈਗ਼ਾਮ-ਏ-ਸੁਲਹ"** ਦੇ ਸੰਦਰਭ ਵਿੱਚ ਧਰਮਾਂ ਦਰਮਿਆਨ ਸਹਿਯੋਗ, ਏਕਤਾ ਅਤੇ ਮਨੁੱਖੀ ਹਮਦਰਦੀ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ।

ਅੰਤ ਵਿੱਚ ਹਜ਼ਰਤ ਖ਼ਲੀਫ਼ਤੁਲ ਮਸੀਹ ਪੰਜਵਾਂ ਅਯਜਦਹੁੱਲਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਇਰਸ਼ਾਦਾਤ ਦੇ ਅਨੁਸਾਰ ਇਹ ਵਾਅਜ਼ੇ ਕੀਤਾ ਗਿਆ ਕਿ ਮੌਜੂਦਾ ਦੌਰ ਵਿੱਚ ਨਫ਼ਰਤ, ਹਿੰਸਾ ਅਤੇ ਅਤਿਵਾਦ ਦੇ ਖ਼ਾਤਮੇ ਦਾ ਇਕੋ ਹੀ ਹੱਲ ਇਹ ਹੈ ਕਿ ਦੁਨੀਆ ਕੁਰਆਨ-ਏ-ਕਰੀਮ ਦੀਆਂ ਅਮਨ ਬਖ਼ਸ਼ ਤਾਲੀਮਾਤ ਅਤੇ ਆਂਹਜ਼ਰਤ ਮੁਹੰਮਦ ﷺ ਦੇ ਉਸਵਾ-ਏ-ਰਹਿਮਤ ਨੂੰ ਅਪਣਾਏ ਅਤੇ ਧਾਰਮਿਕ ਆਜ਼ਾਦੀ ਤੇ ਬਰਦਾਸ਼ਤ ਨੂੰ فرو਼ਗ ਦੇਵੇ।

**ਤਕਰੀਰ 4**
**ਸਿਰਲੇਖ:** ਸਿਰਤ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ (ਇਸ਼ਕ਼-ਏ-ਇਲਾਹੀ ਦੀ ਰੌਸ਼ਨੀ ਵਿੱਚ)
**ਮੁਹਤਰਮ:** ਹਾਫ਼ਿਜ਼ ਮਖਦੂਮ ਸ਼ਰੀਫ਼ ਸਾਹਿਬ, ਐਡੀਸ਼ਨਲ ਨਾਜ਼ਿਰ ਆਲਾ, ਦੱਖਣੀ ਹਿੰਦ

**ਸਾਰ:**
ਇਹ ਖ਼ਿਤਾਬ ਇਸ਼ਕ਼-ਏ-ਇਲਾਹੀ, ਰੱਬੀ ਕੁਰਬਤ ਅਤੇ ਵਹੀ-ਏ-ਇਲਾਹੀ ਦੇ ਜ਼ਿੰਦਾ ਤੇ ਲਗਾਤਾਰ ਸਿਲਸਿਲੇ ਦੇ ਮੌਜ਼ੂਅ 'ਤੇ ਕੇਂਦਰਿਤ ਸੀ। ਇਸ ਵਿੱਚ ਵਾਅਜ਼ੇ ਤੌਰ 'ਤੇ ਬਿਆਨ ਕੀਤਾ ਗਿਆ ਕਿ ਅੰਬਿਆ ਅਲੈਹਿਮੁੱਸਲਾਮ, ਖ਼ਾਸ ਕਰਕੇ ਆਂਹਜ਼ਰਤ ਮੁਹੰਮਦ ﷺ, ਅੱਲ੍ਹਾਹ ਤਆਲਾ ਨਾਲ ਕਾਮਿਲ ਮੁਹੱਬਤ ਅਤੇ ਪੂਰਨ ਆਗਿਆਕਾਰੀ ਦੇ ਉੱਚੇ ਤੋਂ ਉੱਚੇ ਨਮੂਨੇ ਸਨ। ਇਸੀ ਕਾਮਿਲ ਇਤਬਾਅ ਦੇ ਨਤੀਜੇ ਵਜੋਂ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦਿਆਨੀ ਅਲੈਹਿਸਲਾਮ ਨੂੰ ਮਸੀਹ ਮੌਊਦ ਅਤੇ ਇਮਾਮ ਮਹਦੀ ਦੇ ਮੰਸਬ 'ਤੇ ਫ਼ਾਇਜ਼ ਕੀਤਾ ਗਿਆ।

ਤਕਰੀਰ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਦੀ ਜ਼ਿੰਦਗੀ, ਇਬਾਦਤਾਂ, ਕਸ਼ੂਫ਼ ਤੇ ਇਲਹਾਮਾਤ, ਦੁਆਵਾਂ ਦੀ ਕਬੂਲਿਯਤ ਦੇ ਬੇਸ਼ੁਮਾਰ ਨਿਸ਼ਾਨ ਅਤੇ ਤੁਹਾਡੇ ਜ਼ਰੀਏ ਜ਼ਿੰਦੇ ਰੱਬ ਦੇ ਜ਼ਹੂਰ ਨੂੰ ਤਫ਼ਸੀਲ ਨਾਲ ਬਿਆਨ ਕੀਤਾ ਗਿਆ। ਇਸ ਗੱਲ 'ਤੇ ਖ਼ਾਸ ਜ਼ੋਰ ਦਿੱਤਾ ਗਿਆ ਕਿ ਅੱਜ ਵੀ ਅੱਲ੍ਹਾਹ ਤਆਲਾ ਵਹੀ, ਇਲਹਾਮ ਅਤੇ ਆਪਣੀਆਂ ਤਾਈਦਾਤ ਰਾਹੀਂ ਆਪਣੇ ਵਜੂਦ ਦਾ ਇਜ਼ਹਾਰ ਫ਼ਰਮਾ ਰਿਹਾ ਹੈ।

ਅੱਗੇ ਇਹ ਵੀ ਵਿਆਖਿਆ ਕੀਤਾ ਗਿਆ ਕਿ ਖ਼ਿਲਾਫ਼ਤ-ਏ-ਅਹਮਦੀਆ, ਖ਼ਾਸ ਕਰਕੇ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ, ਖ਼ਲੀਫ਼ਤੁਲ ਮਸੀਹ ਪੰਜਵਾਂ ਅਯਜਦਹੁੱਲਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੀ ਕ਼ਿਆਦਤ ਹੇਠ, ਜਮਾਤ ਅਹਮਦੀਆ 'ਤੇ ਅੱਲ੍ਹਾਹ ਤਆਲਾ ਦੀਆਂ ਜ਼ਿੰਦਾ ਤਾਈਦਾਤ ਅਤੇ ਦੁਆਵਾਂ ਦੀ ਕਬੂਲਿਯਤ ਦੇ ਮੋਅਜਜ਼ੇ ਦੁਨੀਆ ਸਾਹਮਣੇ ਰੌਸ਼ਨ ਦਲੀਲ ਵਜੋਂ ਜਾਹਿਰ ਹੋ ਰਹੇ ਹਨ। ਇਸ ਲਈ ਇਨਸਾਨੀਅਤ ਦੀ ਨਿਜਾਤ, ਰੂਹਾਨੀ ਤਰੱਕੀ ਅਤੇ ਹਕੀਕੀ ਮਅਰਿਫ਼ਤ-ਏ-ਇਲਾਹੀ ਦਾ ਰਾਹ ਖ਼ਿਲਾਫ਼ਤ ਨਾਲ ਵਾਬਸਤਗੀ, ਦੁਆ ਅਤੇ ਰਸੂਲ ﷺ ਦੀ ਕਾਮਿਲ ਇਤਬਾਅ ਵਿੱਚ ਹੀ ਲੁਕਿਆ ਹੋਇਆ ਹੈ।

**ਤਕਰੀਰ ਨੰਬਰ 5**
**ਸਿਰਲੇਖ:** ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਦਾ ਮਕਾਮ ਅਤੇ ਮਰਤਬਾ
**ਮੁਹਤਰਮ:** ਮੁਨੀਰ ਅਹਮਦ ਖ਼ਾਦਿਮ ਸਾਹਿਬ, ਐਡੀਟਰ ਹਫ਼ਤਾਵਾਰ ਬਦਰ, ਕਾਦਿਆਨ

**ਸਾਰ:**
ਇਸ ਖ਼ਿਤਾਬ ਵਿੱਚ ਕੁਰਆਨ-ਏ-ਕਰੀਮ, ਅਹਾਦੀਸ-ਏ-ਨਬਵੀਆ ﷺ ਅਤੇ ਉਮੱਤ ਦੇ ਅਕਾਬਿਰ ਦੇ ਹਵਾਲਿਆਂ ਦੀ ਰੌਸ਼ਨੀ ਵਿੱਚ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦਿਆਨੀ ਅਲੈਹਿਸਸਲਾਤੁ ਵੱਸਲਾਮ ਦੇ ਮਕਾਮ ਅਤੇ ਮਰਤਬੇ ਨੂੰ ਵਾਅਜ਼ੇ ਤੌਰ 'ਤੇ ਬਿਆਨ ਕੀਤਾ ਗਿਆ। ਇਹ ਸਪਸ਼ਟ ਕੀਤਾ ਗਿਆ ਕਿ ਆਪ ﷺ ਦੇ ਬੁਰੂਜ਼-ਏ-ਕਾਮਿਲ, ਮਸੀਹ ਮੌਊਦ ਅਤੇ ਮਹਦੀ ਮਅਹੂਦ ਹਨ, ਜਿਨ੍ਹਾਂ ਦੀ ਬਅਸਅਤ ਬਾਰੇ ਪੇਸ਼ਗੋਈਆਂ ਕੁਰਆਨੀ ਆਯਤ وَآخَرِينَ مِنْهُمْ لَمَّا يَلْحَقُوا بِهِمْ, ਸਹੀਹ ਬੁਖਾਰੀ ਅਤੇ ਹੋਰ ਮੁਸਤਨਦ ਕਿਤਾਬਾਂ ਵਿੱਚ ਮੌਜੂਦ ਹਨ।

ਤਕਰੀਰ ਵਿੱਚ ਇਹ ਵੀ ਦਰਸਾਇਆ ਗਿਆ ਕਿ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ ਦੇ ਜ਼ਮਾਨੇ ਵਿੱਚ ਆਂਹਜ਼ਰਤ ਮੁਹੰਮਦ ﷺ ਦੇ ਮੋਅਜਜ਼ੇ ਦੁਬਾਰਾ ਜਾਹਿਰ ਹੋਏ, ਜਿਨ੍ਹਾਂ ਵਿੱਚ ਰਮਜ਼ਾਨ ਦੇ ਮਹੀਨੇ ਵਿੱਚ ਖ਼ਸੂਫ਼ ਅਤੇ ਕਸੂਫ਼, ਹੋਰ ਆਸਮਾਨੀ ਨਿਸ਼ਾਨ ਅਤੇ ਆਲਮੀ ਹਾਲਾਤ ਸ਼ਾਮਲ ਹਨ। ਇਹ ਸਾਰੇ ਨਿਸ਼ਾਨ ਆਪ ਦੀ ਸਚਾਈ ਦੇ ਵਾਅਜ਼ੇ ਸਬੂਤ ਹਨ।

ਇਸ ਤੋਂ ਇਲਾਵਾ ਇਹ ਗੱਲ ਵੀ ਸਪਸ਼ਟ ਕੀਤੀ ਗਈ ਕਿ ਜਮਾਤ ਅਹਮਦੀਆ ਅਤੇ ਇਸ ਦਾ ਨਿਜ਼ਾਮ-ਏ-ਖ਼ਿਲਾਫ਼ਤ, ਖ਼ਿਲਾਫ਼ਤ ਅਲਾ ਮਿੰਹਾਜ਼ਿ ਨਬੂਵਤ ਦਾ ਅਮਲੀ ਤਸਲਸੁਲ ਹੈ, ਜਿਸ ਦੇ ਜ਼ਰੀਏ ਅੱਜ ਇਸਲਾਮ ਦੀ ਰੂਹਾਨੀ ਤਬਲੀਗ਼ ਦੁਨੀਆ ਦੇ 220 ਤੋਂ ਵੱਧ ਮੁਲਕਾਂ ਤੱਕ ਪਹੁੰਚ ਚੁੱਕੀ ਹੈ।

ਅੰਤ ਵਿੱਚ ਹਜ਼ਰਤ ਖ਼ਲੀਫ਼ਤੁਲ ਮਸੀਹ ਪੰਜਵਾਂ ਅਯਜਦਹੁੱਲਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਇਰਸ਼ਾਦਾਤ ਦੀ ਰੌਸ਼ਨੀ ਵਿੱਚ ਇਸ ਗੱਲ 'ਤੇ ਖ਼ਾਸ ਜ਼ੋਰ ਦਿੱਤਾ ਗਿਆ ਕਿ ਉਮੱਤ-ਏ-ਮੁਸਲਿਮਾ ਦੀ ਨਿਜਾਤ, ਆਲਮੀ ਅਮਨ ਅਤੇ ਇਸਲਾਮ ਦੀ ਗ਼ਲਬੇ ਦਾ ਇਕੋ ਹੀ ਰਸਤਾ ਖ਼ਿਲਾਫ਼ਤ ਨਾਲ ਮਜ਼ਬੂਤ ਵਾਬਸਤਗੀ, ਤਕਵਾ, ਦੁਆ ਅਤੇ ਉੱਚੇ ਅਖ਼ਲਾਕ ਦੀ ਕਾਇਮਗੀ ਵਿੱਚ ਲੁਕਿਆ ਹੋਇਆ ਹੈ।

ਫੋਟੋ :---- ਮੁਸਲਿਮ ਜਮਾਤ ਅਹਿਮਦੀਆ ਦੇ ਜਲਸੇ ਨੂੰ ਸਬੰਧੋਨ ਕਰਦਿਆਂ , ਅਤੇ ਜਲਸਾ ਸਾਲਾਨਾ ਵਿਚ ਸ਼ਾਮਿਲ ਸ਼ਰਧਾਲੂ




**Tariq Ahmad K**
Incharge Press & Media,
Ahmadiyya Muslim Jama'at India.
Mobile: +91-9988757988.